ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਐਲੀਮੈਂਟਰੀ ਸਿੱਖਿਆ) ਪੰਜਾਬ ਕੰਪਲੈਕਸ ਪੰਜਾਬ ਸਕੂਲ ਸਿਖਿਆ ਬੋਰਡ, 6ਵੀ ਮੰਜਿਲ, ਈ ਬਲਾਕ, ਫੇਜ-8, ਮੁਹਾਲੀ।

ਨੰ : 18/27-2018 ਅਮਲਾ 2(1) ਮਿਤੀ, ਐਸ.ਏ.ਐਸ. ਨਗਰ : 12-10-2018

## ਪਬਲਿਕ ਨੋਟਿਸ

ਵਿਭਾਗ ਵੱਲੋਂ ਮਿਤੀ 09-11-2015 ਨੂੰ 4500 ਈ ਟੀ ਟੀ ਟੀਚਰਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਵਿਗਿਆਪਨ ਦਿੱਤਾ ਗਿਆ ਸੀ। ਇਨ੍ਹਾਂ ਅਸਾਮੀਆਂ ਦੀ ਭਰਤੀ ਦੌਰਾਨ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ: 315 ਆਫ 2016 ਟਾਈਟਲਡ ਐਜ ਪਰਮਿੰਦਰ ਕੌਰ ਬਨਾਮ ਸਟੇਟ ਆਫ ਪੰਜਾਬ ਦੇ ਫੈਸਲੇ ਦੀ ਪਾਲਣਾ ਹਿੱਤ ਜਨਰਲ ਕੈਟਾਗਰੀ ਦੇ ਉਮੀਦਵਾਰਾਂ ਲਈ ਉਪਰਲੀ ਉਮਰ ਦੀ ਹੱਦ 37 ਦੀ ਬਜਾਏ 42 ਸਾਲ ਕਰਨ ਕਾਰਨ ਇਹ ਚੋਣ ਨਤੀਜਾ ਸਾਲ 2017 ਵਿੱਚ ਮੁੜ ਰਿਵਾਈਜ ਕੀਤਾ ਗਿਆ। ਜਿਸ ਦੇ ਨਤੀਜੇ ਵੱਜੋਂ ਜਨਰਲ ਵਰਗ ਦੀਆਂ ਬਣਦੀਆ ਅਸਾਮੀਆਂ ਤੋ ਵੱਧ ਨਿਯੁਕਤ ਹੋਏ 162 ਈ.ਟੀ.ਟੀ. ਟੀਚਰਾਂ ਦੀਆਂ ਸੇਵਾਵਾਂ ਖਤਮ ਕਰਨ ਸਬੰਧੀ ਸਬੰਧਤ ਜਿਲਾ ਸਿੱਖਿਆ ਅਫਸਰ (ਐਲੀ) ਪੰਜਾਬ ਵਲੋਂ ਮਿਤੀ 21-09-2018 ਨੂੰ ਕਾਰਣ ਦਸੋ ਨੋਟਿਸ ਜਾਰੀ ਕੀਤੇ ਗਏ ਹਨ ਕਿਉਂਕਿ ਇਨ੍ਹਾਂ 162 ਉਮੀਦਵਾਰਾਂ ਦਾ ਨਾਮ ਰਿਵਾਈਜਡ ਚੋਣ ਸੂਚੀ ਵਿੱਚ ਸ਼ਾਮਿਲ ਨਹੀਂ ਹੈ। ਇਸ ਨੋਟਿਸ ਦਾ ਸਮਾਂ ਮਿਤੀ 12-10-2018 ਨੂੰ ਖਤਮ ਹੋ ਚੁੱਕਿਆ ਹੈ। ਇਹਨਾਂ ਸਮੂਹ ਅਧਿਆਪਕਾਂ ਨੂੰ ਇਸ ਪਬਲਿਕ ਨੋਟਿਸ ਰਾਹੀਂ ਕੁਦਰਤੀ ਲਿਆਂ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਨਿਜੀ ਸੁਣਵਾਈ ਦਾ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਵਿਦਿਅਕ ਅਤੇ ਪ੍ਰੋਫੈਸ਼ਨਲ ਯੋਗਤਾਵਾਂ ਸਬੰਧੀ ਸਰਟੀਫਿਕੇਟਾਂ ਦੇ ਨਾਲ ਨਾਲ ਟੀਚਰ ਐਲੀਜੀਬੀਲਿਟੀ ਟੈਸਟ-2 ਦੇ ਨਤੀਜੇ ਦੇ ਆਧਾਰ ਤੇ ਨੋਟਿਸ ਦਾ ਜਵਾਬ ਜਾਂ ਉਕਤ ਨੋਟਿਸ ਸਬੰਧੀ ਕੋਈ ਆਪਣਾ ਲਿਖਤੀ ਪੱਖ ਪੇਸ਼ ਕਰਨਾ ਚਾਹੁੰਦੇ ਹਨ ਤਾਂ ਉਹ ਮਿਤੀ **17-10-2018** ਨੂੰ ਸਵੇਰੇ 11-00 ਵਜੇ ਪੰਜਾਬ ਸਕੂਲ ਸਿਖਿਆ ਬੋਰਡ, ਈ ਬਲਾਕ ਦੇ ਆਡੀਟੋਰੀਅਮ, ਫੇਜ-8, ਮੁਹਾਲੀ ਵਿੱਚ ਉਕਤ ਮਿਤੀ ਅਤੇ ਸਥਾਨ ਤੇ ਪੇਸ਼ ਹੋ ਕੇ ਆਪਣਾ ਪੱਖ ਰੱਖ ਸਕਦੇ ਹਨ। ਇਸ ਤੋਂ ਬਾਅਦ ਉਨ੍ਹਾਂ ਨੂੰ ਸੁਣਵਾਈ ਦਾ ਹੋਰ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ।

ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:),
ਪੰਜਾਬ।